ਅਕਾਲ ਚਲਾਣੇ ਸਮੇਂ ਗੁਰਮਤਿ ਮਰਿਆਦਾ

ਸੰਕਲਨ ਕਰਤਾ:
ਸ: ਰਸ਼ਪਾਲ ਸਿੰਘ ਹੁਸ਼ਿਆਰਪੁਰ (ਸੋਸ਼ਿਆਲੋਜਿਸਟ)
ਡਾ: ਮਨਮੋਹਨਜੀਤ ਸਿੰਘ (ਪੀ.ਏ.ਯੂ. ਲੁਧਿਆਣਾ)
ਇੰਜ. ਸੁਖਜੀਤ ਸਿੰਘ ਕਪੂਰਥਲਾ (ਕਥਾ ਵਾਚਕ)

ਸ਼ੁਭ ਕਰਮਨ ਸੁਸਾਇਟੀ

ਧਾਰਮਿਕ - ਸਮਾਜਿਕ - ਸੱਭਿਆਚਾਰਕ - ਵਿਦਿਅਕ ਸ੍ਵੈ-ਸੇਵੀ ਸੰਸਥਾ

ਸੰਪਰਕ:
ਪਰਮਿੰਦਰ ਸਿੰਘ ਖਾਨਪੁਰ ਸਹੋਤਾ
ਸਕੱਤਰ ਸ਼ੁਭ ਕਰਮਨ ਸੁਸਾਇਟੀ
9855618628.

ਮੁੱਖ ਦਫਤਰ - ਸ਼ੁਭ ਕਰਮਨ ਭਵਨ, ਟਾਂਡਾ ਰੋਡ, ਹੁਸ਼ਿਆਰਪੁਰ (ਪੰਜਾਬ) ਭਾਰਤ-146001

H.O.: Shubh Karman Bhawan, Tanda Road,
Hoshiarpur (Punjab) India-146001
Tel.: 01882-239289, Mob.: 98554-40151, 98880-14851
e-mail : info@shubhkarman.org,
Website : www.shubhkarman.org

ਸੰਸਾਰ ਵਿੱਚ ਜਨਮ ਲੈਣ ਤੋਂ ਬਾਅਦ ਮੌਤ ਇੱਕ ਅਟੱਲ ਸਚਾਈ ਹੈ। ਕਿਉਂਕਿ ਇਸਦਾ ਕੋਈ ਸਮਾਂ ਤੇ ਸਥਾਨ ਨਿਸ਼ਚਿਤ ਨਹੀਂ ਹੁੰਦਾ ਸੋ ਕਿਸੇ ਵੀ ਪ੍ਰਾਣੀ ਦੇ ਅਕਾਲ ਚਲਾਣੇ ਤੋਂ ਬਾਅਦ ਪਰਿਵਾਰ ਦੇ ਮੈਂਬਰ ਪ੍ਰਾਣੀ ਦੇ ਅੰਤਮ ਸਸਕਾਰ ਦੀਆਂ ਰਸਮਾਂ ਲਈ ਮਾਨਸਿਕ ਤੌਰ ਤੇ ਪੂਰੇ ਤਿਆਰ ਨਹੀਂ ਹੁੰਦੇ। ਅਜਿਹੇ ਸਮੇਂ ਅਣਜਾਣਪੁਣੇ ਵਿਚ ਸਿੱਖ ਸਮਾਜ ਗੁਰਮਤਿ ਮਰਿਆਦਾ ਤੋਂ ਉਲਟ ਬਹੁਤ ਸਾਰੀਆਂ ਰਸਮਾਂ ਨਿਭਾਅ ਜਾਂਦਾ ਹੈ। ਇਹ ਜਾਣਕਾਰੀ ਇਸ ਮਕਸਦ ਨਾਲ ਲਿਖੀ ਗਈ ਹੈ ਕਿ ਪਰਿਵਾਰ ਵਿੱਚ ਮੌਤ ਹੋ ਜਾਣ ਦੀ ਸੂਰਤ ਵਿੱਚ ਅਸੀਂ ਗੁਰਮਤਿ ਮਰਿਆਦਾ ਵਿੱਚ ਰਹਿੰਦੇ ਹੋਏ ਕਿਵੇਂ ਅੰਤਿਮ ਰਸਮਾਂ ਨਿਭਾਅ ਸਕਦੇ ਹਾਂ।

ਹਰਿ ਮੇਰੀ ਪ੍ਰੀਤਿ, ਰੀਤਿ ਹੈ, ਹਰਿ ਮੇਰੀ, ਹਰਿ ਮੇਰੀ ਕਥਾ ਕਹਾਨੀ ਜੀ॥
ਗੁਰਪ੍ਰਸਾਦਿ ਮੇਰਾ ਮਨੁ ਭੀਜੈ, ਏਹਾ ਸੇਵ ਬਨੀ ਜੀਉ॥੧॥ ਰਹਾਉ॥
(ਗੂਜਰੀ ਮ: ੩ ਪੰਨਾ ੪੯੦)

ਅਕਾਲ ਚਲਾਣਾ ਹੋਣ ਸਮੇਂ

ਕੀ ਕਰੀਏ?

1. ਸਕੇ-ਸਬੰਧੀਆਂ ਨੂੰ ਉਸੇ ਸਮੇਂ ਸੂਚਿਤ ਕਰ ਦਿੱਤਾ ਜਾਵੇ।
2. ਮ੍ਰਿਤਕ ਸਰੀਰ ਦੀਆਂ ਅੱਖਾਂ ਦਾਨ ਕਰਵਾਉਣ ਲਈ ਤਰੁੰਤ Distt. Nodal Officer Blindness Control ਨੂੰ ਸੰਪਰਕ ਕਰਨਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ ਕੁਝ ਸੰਪਰਕ ਨੰਬਰ : 8146844666, 9463854154, 9417251305 ਅਤੇ ਵੈਬਸਾਈਟ www.eyedonation.co.in.
3. ਜੇ ਪਰਿਵਾਰ ਦੇ ਖਾਸ ਮੈਂਬਰਾਂ ਦੇ ਬਾਹਰਲੇ ਦੇਸ਼ ਆਦਿ ਤੋਂ ਪਹੁੰਚਣ ਵਿਚ ਅਜੇ ਸਮਾਂ ਲੱਗਣਾ ਹੋਵੇ ਤਾਂ ਸਰੀਰ ਨੂੰ ਨੇੜੇ ਦੀ ਮੋਰਚਰੀ (ਮ੍ਰਿਤਕ ਸਰੀਰ ਸੰਭਾਲ ਘਰ) ਵਿਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ।
4. ਅੰਤਮ ਸਸਕਾਰ ਲਈ ਸਲਾਹ ਕਰਕੇ ਉਸੇ ਸਮੇਂ ਸਸਕਾਰ ਭੂਮੀ ਸਥਾਨ ਤੇ ਸਮਾਂ ਨਿਸ਼ਚਿਤ ਕਰ ਲਿਆ ਜਾਵੇ ਤੇ ਸਬੰਧੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ।
5. ਅੰਤਮ ਸਸਕਾਰ ਲਈ ਲੋੜੀਂਦੀ ਲੱਕੜ ਦਾ ਪ੍ਰਬੰਧ ਸਸਕਾਰ ਭੂਮੀ ਵਿੱਚ ਕਰ ਲਿਆ ਜਾਵੇ।
6. ਜੇ ਸਸਕਾਰ ਭੂਮੀ ਦੂਰ ਹੋਵੇ ਤਾਂ ਸ਼ਵ-ਵਾਹਨ ਦਾ ਇੰਤਜ਼ਾਮ ਕਰ ਲੈਣਾ ਚਾਹੀਦਾ ਹੈ।
7. ਸਸਕਾਰ ਸਬੰਧੀ ਜੁੜੇ ਇੱਕਠ ਵਿਚ ਗੁਰਬਾਣੀ ਦਾ ਪਾਠ, ਕੀਰਤਨ ਜਾਂ ਵਾਹਿਗੁਰੂ ਦਾ ਜਾਪ ਆਰੰਭ ਕਰ ਦੇਣਾ ਚਾਹੀਦਾ ਹੈ ਤਾਂ ਜੋ ਭਾਣਾ ਮੰਨਣ ਦਾ ਬਲ ਮਿਲ ਸਕੇ।

ਕੀ ਨਾਂ ਕਰੀਏ?

1. ਪ੍ਰਾਣੀ ਜੇਕਰ ਮੰਜੇ ਤੇ ਚਲਾਣਾ ਕਰ ਜਾਵੇ ਤਾਂ ਉਸਨੂੰ ਹੇਠਾਂ ਨਹੀਂ ਉਤਾਰਨਾ ਤੇ ਮੰਜੇ ਬਿਸਤਰੇ ਬਾਰੇ ਕਿਸੇ ਪ੍ਰਕਾਰ ਦਾ ਬੇਲੋੜਾ ਵਹਿਮ-ਭਰਮ ਕਰਕੇ ਉਸਨੂੰ ਜਾਇਆ ਕਰਨ ਦੀ ਲੋੜ ਨਹੀਂ।
2. ਕਿਸੇ ਪ੍ਰਕਾਰ ਦਾ ਦੀਵਾ, ਵੱਟੀ, ਪਿੰਡ ਪਤਲ ਜਾਂ ਗਊ ਆਦਿ ਨੂੰ ਮਨਸਾਉਣ ਦੇ ਚੱਕਰ ਵਿਚ ਨਹੀਂ ਪੈਣਾ।
3. ਤੁਲਸੀ, ਗੰਗਾ ਜਲ ਜਾਂ ਸਾਲਗਰਾਮ ਦੀ ਕਿਸੇ ਪ੍ਰਕਾਰ ਦੀ ਵਰਤੋਂ ਨਹੀਂ ਕਰਨੀ।
4. ਗਰੁੜ ਪ੍ਰਾਨ ਦੀ ਕਥਾ ਵੀ ਗੁਰੂ ਘਰ ਵਿਚ ਵਿਵਰਜਿਤ ਹੈ।
5. ਕਿਸੇ ਤਰਾਂ ਦਾ ਰੋਣਾ, ਪਿੱਟਣਾ ਜਾਂ ਵਿਰਲਾਪ ਕਰਨਾ ਆਤਮਿਕ ਕਮਜ਼ੋਰੀ ਦਾ ਸੂਚਕ ਅਤੇ ਗੁਰਮਤਿ ਸਿਧਾਂਤ ਦੇ ਵਿਰੁੱਧ ਹੈ।
6. ਸਸਕਾਰ ਵਾਸਤੇ ਚੱਲਣ ਤੋਂ ਪਹਿਲਾਂ ਲੋੜ ਅਨੁਸਾਰ ਘਰ ਵਿਚ ਕੋਈ ਚਾਹ-ਪਾਣੀ, ਖਾਣਾ ਬਣਾਉਣਾ ਜਾਂ ਚੁੱਲ੍ਹਾ-ਗੈਸ ਬਾਲਣ ਦਾ ਵੀ ਕੋਈ ਵਹਿਮ ਨਹੀਂ ਕਰਨਾ।

ਹਰਿ ਕਥਾ ਪੜੀਐ, ਹਰਿਨਾਮੁ ਸੁਣੀਐ, ਬੇਬਾਣੁ ਹਰਿ ਰੰਗੁ ਗੁਰ ਭਾਵਏ॥
ਪਿੰਡੁ ਪਤਲਿ ਕਿਰਿਆ ਦੀਵਾ ਫੁਲ, ਹਰਿ ਸਰਿ ਪਾਵਏ॥ (ਪੰਨਾ ੯੨੩)

ਅੰਤਮ ਸਸਕਾਰ ਲਈ ਤਿਆਰੀ

ਕੀ ਕਰੀਏ?

1. ਪ੍ਰਾਣੀ ਭਾਵੇਂ ਛੋਟੀ ਉਮਰ ਦਾ ਹੋਵੇ ਜਾਂ ਵੱਡੀ ਉਮਰ ਦਾ, ਸਿੱਖ ਧਰਮ ਵਿੱਚ ਅਗਨ-ਸਸਕਾਰ ਦੀ ਮਰਿਆਦਾ ਹੈ। ਜੇ ਕਿਤੇ ਅਗਨ-ਸਸਕਾਰ ਦਾ ਪ੍ਰਬੰਧ ਨਾਂ ਹੋ ਸਕੇ ਤਾਂ ਸਰੀਰ ਦੀ ਸੰਭਾਲ ਕਿਸੇ ਵੀ ਢੰਗ ਨਾਲ ਕੀਤੀ ਜਾ ਸਕਦੀ ਹੈ, ਕਿਸੇ ਪ੍ਰਕਾਰ ਦਾ ਭਰਮ ਨਹੀਂ ਕਰਨਾ ਅਤੇ ਨਾਂ ਹੀ ਸਸਕਾਰ ਦੇ ਸਮੇਂ ਵਾਸਤੇ ਦਿਨ ਜਾਂ ਰਾਤ ਦਾ ਹੀ ਕੋਈ ਭਰਮ ਕਰਨਾ ਹੈ। ਵਾਤਾਵਰਣ ਸਵੱਛਤਾ ਲਈ ਲੱਕੜਾਂ ਦੀ ਥਾਂ ਤੇ ਬਿਜਲਈ ਕੁਰਸੀ / ਗੈਸ ਆਦਿ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ।
2. ਮ੍ਰਿਤਕ ਪ੍ਰਾਣੀ ਨੂੰ ਇਸ਼ਨਾਨ ਕਰਵਾ ਕੇ, ਸਵੱਛ ਬਸਤਰ ਪੁਆਏ ਜਾਣ ਤੇ ਤਖਤੇ ਤੇ ਲਿਟਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ। ਇਸ਼ਨਾਨ ਸਮੇਂ ਤੱਕ ਪਾਠ ਆਦਿ ਹੁੰਦਾ ਰਹਿਣਾ ਚਾਹੀਦਾ ਹੈ।
3. ਸਸਕਾਰ-ਭੂਮੀ ਤੱਕ ਰਸਤੇ ਵਿੱਚ ਸ਼ਬਦ-ਕੀਰਤਨ ਜਾਂ ਜਾਪ ਹੀ ਕਰਨਾ ਚਾਹੀਦਾ ਹੈ।

ਕੀ ਨਾਂ ਕਰੀਏ?

1. ਕਕਾਰ ਸਰੀਰ ਤੋਂ ਜੁਦਾ ਨਹੀਂ ਕਰਨੇ।
2. ਤਖਤੇ ਉੱਤੇ ਲਿਟਾ ਕੇ ਕੱਫਣ ਪਾਉਣ ਤੋਂ ਬਾਅਦ ਸਰੀਰ ਦੀ ਸੰਭਾਲ ਲਈ ਕਮਰਕੱਸੇ ਬੰਨੇ ਜਾ ਸਕਦੇ ਹਨ ਪਰ ਇਸ ਨਾਲ ਸਬੰਧਤ ਕੋਈ ਭਰਮ ਜਿਵੇਂ ਕਿ ਉਚੇਚੀਆਂ ਗੱਠਾਂ ਬੰਨ੍ਹਣੀਆਂ ਆਦਿ ਨਹੀਂ ਕਰਨਾ ਚਾਹੀਦਾ।
3. ਕਿਸੇ ਬਜ਼ੁਰਗ ਸੱਜਣ ਦੇ ਮਰਨੇ ਉੱਪਰ ਬਿਬਾਨ ਆਦਿ ਕੱਢਣਾ ਵੀ ਵਿਵਰਜਿਤ ਹੈ। ਬਿਬਾਣ-ਵੱਡਾ ਕਰਨਾ (ਹਿੰਦੂ ਰੀਤੀ ਅਨੁਸਾਰ ਪੜਪੋਤੇ ਵਾਲਾ ਹੋ ਕੇ ਪ੍ਰਾਣੀ ਮਰੇ ਤਾਂ ਵੱਡਾ ਕਰਦੇ ਹਨ) ਮ੍ਰਿਤਕ ਨੂੰ ਫੱਟੇ ਉਪਰ ਲਿਟਾਇਆ ਜਾਂਦਾ ਹੈ। ਚੌਖਟੇ ਉਪਰ ਝੰਡੀਆਂ ਆਦਿ ਦੀ ਸਜਾਵਟ ਕੀਤੀ ਜਾਂਦੀ ਹੈ, ਅਤੇ ਪੈਸੇ, ਫੁੱਲ ਮਖਾਣੇ ਆਦਿ ਉਪਰ ਸਿੱਟੇ ਜਾਂਦੇ ਹਨ, ਚਉਰ ਕੀਤਾ ਜਾਂਦਾ ਹੈ ਅਤੇ ਬੈਂਡ ਵਾਜੇ ਵਜਾਏ ਜਾਂਦੇ ਹਨ।
4. ਰਸਤੇ ਵਿਚ ਜਾਂ ਉੱਥੇ ਪਹੁੰਚ ਕੇ ਬ੍ਰਾਹਮਣੀ ਮੱਤ ਅਨੁਸਾਰ ਵਿਸ਼ੇਸ਼ ਬਣਾਏ ਗਏ ਥੜੇ ਉੱਪਰ ਅਰਥੀ ਰੱਖ ਕੇ, ਕੋਈ ਅੱਧ ਮਾਰਗੀ ਜਾਂ ਘੜਾ ਆਦਿ ਤੋੜਨ ਦੀ ਰਸਮ ਨਹੀਂ ਕਰਨੀ।
5. ਮ੍ਰਿਤਕ ਸਰੀਰ ਚਿਖਾ ਤੇ ਰੱਖ ਕੇ ਤਖਤੇ ਨੂੰ ਚਿਖਾ ਦੇ ਉਪਰੋਂ ਦੂਜੇ ਪਾਸੇ ਸੁੱਟਣਾ ਵੀ ਬਿਲਕੁਲ ਮਨਮਤ ਹੈ।

ਸਸਕਾਰ ਭੂਮੀ ਪਹੁੰਚ ਕੇ ਅਗਨ-ਸਸਕਾਰ

ਕੀ ਕਰੀਏ?

1. ਸਸਕਾਰ ਭੂਮੀ ਪਹੁੰਚ ਕੇ ਚਿਤਾ ਦੀ ਤਿਆਰੀ ਤੱਕ ਜਪੁਜੀ ਸਾਹਿਬ ਦਾ ਪਾਠ ਸਭ ਨੇ ਮਿਲਕੇ ਕਰਨਾ ਹੈ।
2. ਜਪੁਜੀ ਸਾਹਬ ਤੋਂ ਬਾਅਦ ਅਰਦਾਸਾ ਸੋਧ ਕੇ ਚਿਖਾ ਨੂੰ ਅੱਗ ਲਗਾ ਦਿੱਤੀ ਜਾਵੇ।

3. ਅੱਗ ਕੋਈ ਵੀ ਸੱਜਣ ਲਗਾ ਸਕਦਾ ਹੈ, ਉਚੇਚੇ ਤੌਰ ਤੇ ਪੁੱਤਰ ਤੋਂ ਲਗਾਣ ਦਾ ਕੋਈ ਨਿਯਮ ਨਹੀਂ।
4. ਜਦ ਤੀਕ ਚਿਤਾ ਨੇ ਅਗਨੀ ਦੀ ਲਪੇਟ ਵਿਚ ਪੂਰੀ ਤਰਾਂ ਆਉਣਾ ਹੈ, ਨੇੜੇ ਥੋੜ੍ਹੀ ਵਿੱਥ ਤੇ ਬੈਠ ਕੇ ਸ਼ਬਦ-ਕੀਰਤਨ ਕੀਤਾ ਜਾਵੇ ਜਾਂ ਕੋਈ ਗੁਰਮੁਖ ਸੱਜਣ ਸਮੇਂ ਅਨੁਸਾਰ ਗੁਰਮਤਿ ਰੀਤੀ 'ਤੇ ਪ੍ਰਕਾਸ਼ ਪਾਵੇ ਅਤੇ ਅਨਮਤੀ ਪ੍ਰਭਾਵਾਂ ਤੋਂ ਸੁਚੇਤ ਕਰੇ।
5. ਜਦ ਚਿਤਾ ਪੂਰੀ ਤਰਾਂ ਅੱਗ ਦੀ ਲਪੇਟ ਵਿਚ ਆ ਜਾਵੇ ਤਾਂ 'ਸੋਹਿਲਾ' ਬਾਣੀ ਪੜ੍ਹ ਕੇ, ਅਰਦਾਸਾ ਸੋਧ ਕੇ ਮਿੱਤਰ, ਸਬੰਧੀ ਅਤੇ ਸੰਗਤਾਂ ਵਾਪਸ ਆਪਣੇ-ਆਪਣੇ ਘਰ ਮੁੜ ਆਉਣ।
6. ਇਸ ਸਮੇਂ ਪਾਠ ਦੇ ਭੋਗ ਦਾ ਦਿਨ ਨਿਸ਼ਚਿਤ ਕਰਕੇ ਸੰਗਤਾਂ ਨੂੰ ਦੱਸਿਆ ਜਾ ਸਕਦਾ ਹੈ।

ਕੀ ਨਾਂ ਕਰੀਏ?

1. ਅੰਤਮ ਸਸਕਾਰ ਸਮੇਂ ਸਾਰੇ ਪਾਸੇ ਅਗਨ ਲਗਾਉਣੀ ਚਾਹੀਦੀ ਹੈ ਪਰ ਸਾਰੇ ਪਾਸੇ ਤੀਲੇ ਛੱਡਦੇ ਜਾਣਾ ਜਾਂ ਹੋਰ ਵਹਿਮ ਮਨਮਤ ਹਨ।
2. ਚਿਖਾ ਦੇ ਆਸ-ਪਾਸ ਕੇਸਰ ਜਾਂ ਫੁੱਲ ਆਦਿ ਛਿੜਕਣ ਦੀ ਜਰੂਰਤ ਨਹੀਂ ਹੈ।
3. ਬੱਚਾ, ਬੁੱਢਾ, ਕੁਆਰੀ ਕੰਨਿਆਂ ਜਾਂ ਸੁਹਾਗਣ ਇਸਤਰੀ ਦੇ ਮਰਨ ਉਪਰੰਤ ਵੱਖਰੇ-ਵੱਖਰੇ ਕਰਮ ਕੇਵਲ ਬ੍ਰਾਹਮਣੀ ਕਰਮ ਹਨ, ਗੁਰੂ ਘਰ ਵਿੱਚ ਇਹਨਾਂ ਨੂੰ ਕੋਈ ਥਾਂ ਨਹੀਂ।
4. ਸਸਕਾਰ ਸਮੇਂ ਤੀਲੇ, ਘਾਹ ਆਦਿ ਤੋੜਨਾ, ਕਪਾਲ ਕਿਰਿਆ (ਮ੍ਰਿਤਕ ਦੇ ਸਿਰ ਵਿੱਚ ਡਾਂਗ ਮਾਰਨਾ) ਜਾਂ ਕਿਸੇ ਪ੍ਰਕਾਰ ਦਾ ਹੋਰ ਬ੍ਰਾਹਮਣੀ ਕਰਮ ਨਹੀਂ ਕਰਨਾ ਚਾਹੀਦਾ।
5. ਸਸਕਾਰ ਉਪਰੰਤ ਘਰ ਪਹੁੰਚ ਕੇ ਇਸ਼ਨਾਨ ਆਦਿ ਜ਼ਰੂਰੀ ਨਹੀ ਹਨ ਅਤੇ ਨਾਂ ਹੀ ਪਾਣੀ ਦੇ ਉਲਟੇ-ਸਿੱਧੇ ਛਿੱਟੇ ਹੀ ਮਾਰਨੇ ਚਾਹੀਦੇ ਹਨ। ਹਾਂ ਜਿਹੜੇ ਸੱਜਣ ਕਾਫੀ ਸਮੇਂ ਤੋਂ ਮ੍ਰਿਤਕ ਪ੍ਰਾਣੀ ਕੋਲ ਬੈਠੇ ਰਹੇ ਹੋਣ ਤੇ ਇਸ਼ਨਾਨ ਪਾਣੀ ਨਾ ਕਰ ਸਕੇ ਹੋਣ, ਉਹ ਸਰੀਰਕ ਸਵੱਛਤਾ ਲਈ ਇਸ਼ਨਾਨ ਕਰ ਸਕਦੇ ਹਨ।

ਅਗਨ-ਸਸਕਾਰ ਤੋਂ ਬਾਅਦ

ਕੀ ਕਰੀਏ?

1. ਘਰ ਵਿਚ ਜਾਂ ਕਿਸੇ ਨੇੜੇ ਦੇ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ।
2. ਪਾਠ ਪਰਿਵਾਰ ਤੇ ਸਬੰਧੀ ਰਲ ਕੇ ਆਪ ਕਰਨ ਤਾਂ ਜ਼ਿਆਦਾ ਲਾਭ ਹੈ ਨਹੀਂ ਤਾਂ ਘੱਟੋ-ਘੱਟ ਪਰਿਵਾਰ ਦੇ ਮੈਂਬਰ ਬੈਠ ਕੇ ਪਾਠ ਸੁਣਨ।
3. ਘਰ ਵਿਚ ਹੀ ਭੋਗ ਵਾਲੇ ਦਿਨ ਠੀਕ ਨਿਯਮ ਨਾਲ ਰੋਜ਼ਾਨਾ ਕੁਝ ਸਮਾਂ ਕੀਰਤਨ ਅਤੇ ਗੁਰਬਾਣੀ ਆਸ਼ੇ ਨੂੰ ਸਮਝਣ ਲਈ ਕਿਸੇ ਸੋਝੀ ਵਾਲੇ ਯੋਗ ਸੱਜਣ ਤੋਂ ਗੁਰਬਾਣੀ ਕਥਾ ਦਾ ਪ੍ਰਵਾਹ ਚਲਾਇਆ ਜਾਵੇ।
4. ਪਾਠ ਦੇ ਭੋਗ ਦੇ ਸਬੰਧ ਵਿਚ ਕਾਰਡ ਛਪਵਾ ਕੇ ਵੰਡੇ ਜਾ ਸਕਦੇ ਹਨ ਜਾਂ ਅਖਬਾਰ ਰਾਹੀਂ ਵੀ ਸੂਚਿਤ ਕੀਤਾ ਜਾ ਸਕਦਾ ਹੈ। ਕਾਰਡਾਂ ਤੇ ਗੁਰਬਾਣੀ ਦੀਆਂ ਪੰਗਤੀਆਂ ਲਿਖਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਅੰਗੀਠੇ ਦੀ ਸੰਭਾਲ

ਕੀ ਕਰੀਏ?

1. ਸਸਕਾਰ ਤੋਂ ਤੀਜੇ-ਚੌਥੇ ਦਿਨ, ਇਸ ਅੰਦਾਜੇ ਨਾਲ ਕਿ ਚਿਤਾ ਠੰਢੀ ਹੋ ਚੁੱਕੀ ਹੋਵੇ, ਉਸ ਉਪਰ ਪਾਣੀ ਦਾ ਛਿੜਕਾਅ (ਤਾਂ ਜੋ ਚਿਤਾ ਦੀ ਗਰਮੀ ਨੁਕਸਾਨ ਨਾਂ ਕਰੇ) ਕਰਕੇ ਸਾਰੀ ਰਾਖ ਨੂੰ ਅਰਥੀਆਂ ਸਮੇਤ ਇਕੱਤਰ ਕਰਨਾ ਚਾਹੀਦਾ ਹੈ।
2. ਅੰਗੀਠੇ ਦੀ ਸਾਰੀ ਰਾਖ (ਅਸਥੀਆਂ ਸਮੇਤ) ਨੂੰ ਕਿਸੇ ਨੇੜੇ ਵਗਦੇ ਪਾਣੀ ਵਿਚ ਵਹਾ ਦੇਣਾ ਚਾਹੀਦਾ ਹੈ ਜਾਂ ਨੇੜੇ ਹੀ ਡੂੰਘਾ ਖੱਡਾ ਪੱਟ ਕੇ ਉਸ ਵਿਚ ਦਬਾ ਦੇਣਾ ਚਾਹੀਦਾ ਹੈ। ਜਲ ਪ੍ਰਦੂਸ਼ਣ ਤੋਂ ਬਚਾਅ ਲਈ ਰਾਖ ਨੂੰ ਮਿੱਟੀ ਵਿਚ ਦਬਾਉਣਾ ਜ਼ਿਆਦਾ ਲਾਭਕਾਰੀ ਹੈ।

ਕੀ ਨਾਂ ਕਰੀਏ?

1. ਅੰਗੀਠੇ ਦੀ ਸੰਭਾਲ ਵਾਸਤੇ ਸਵੇਰ-ਸ਼ਾਮ, ਦਿਨ-ਵਾਰ ਜਾਂ ਪੰਚਕਾਂ ਆਦਿ ਦਾ ਭਰਮ ਬਿਲਕੁਲ ਨਹੀਂ ਕਰਨਾ।
2. ਅੰਗੀਠੇ ਦੀ ਰਾਖ ਵਿੱਚੋਂ ਅਸਥੀਆਂ (ਫੁੱਲ/ਹੱਡੀਆਂ) ਅਲੱਗ ਨਹੀਂ ਚੁਗਣੀਆਂ।

ਪਾਠ ਦਾ ਭੋਗ

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ
ਕੀਰਤਨ ਕਰਿਅਹੁ ਨਿਰਬਾਣੁ ਜੀਉ॥
(ਪੰ: ੯੨੩)

ਕੀ ਕਰੀਏ?

1. ਅਕਾਲ ਚਲਾਣੇ ਤੋਂ ਦਸਵੇਂ ਦਿਨ, ਭੋਗ ਦੀ ਮਰਿਆਦਾ ਹੈ। ਦਸਵਾਂ ਦਿਨ ਇੱਕ ਅੰਦਾਜ਼ਾ ਹੈ ਕੋਈ ਲਕੀਰ ਨਹੀਂ। ਸਹੂਲਤ ਅਨੁਸਾਰ ਘੱਟ ਵੱਧ ਕੋਈ ਛੁੱਟੀ ਆਦਿ ਦਾ ਦਿਨ ਵੀ ਮੁਕੱਰਰ ਕੀਤਾ ਜਾ ਸਕਦਾ ਹੈ। ਇਹ ਕੁਝ ਦਿਨਾਂ ਦੀ ਵਿੱਥ ਵਾਸਤੇ ਹੈ ਤਾਂ ਜੋ ਰਿਸ਼ਤੇਦਾਰਾਂ, ਸਬੰਧੀਆਂ ਨੂੰ ਠੀਕ ਤਰਾਂ ਸੂਚਿਤ ਕੀਤਾ ਜਾ ਸਕੇ।
2. ਭੋਗ ਦੇ ਦਿਨ ਤੱਕ ਘਰ ਵਿਚ ਜਿੱਥੇ ਪਾਠ ਹੋ ਰਿਹਾ ਹੈ, ਉੱਥੇ ਹੀ ਆਏ ਗਏ ਨੂੰ ਬੈਠ ਕੇ ਪਾਠ ਸੁਣਨ ਜਾਂ ਕਰਨ ਲਈ ਪ੍ਰੇਰਨਾ ਦੇਣੀ ਹੈ। ਕੋਈ ਵੱਖਰੀ ਜਗ੍ਹਾ ਮੁਕੱਰਰ ਨਹੀਂ ਕਰਨੀ ਅਤੇ ਨਾ ਹੀ ਫੂਹੜੀ ਆਦਿ ਹੀ ਪਾਉਣੀ ਹੈ।
3. ਭੋਗ ਸਮੇਂ ਕੀਰਤਨ ਤੇ ਕਥਾ ਦਾ ਉਚਿਤ ਪ੍ਰਬੰਧ ਹੋਵੇ।

ਕੀ ਨਾਂ ਕਰੀਏ?

1. ਭੋਗ ਵਾਲੇ ਦਿਨ ਭਾਂਡੇ, ਬਿਸਤਰੇ, ਫਰੂਟ, ਮੰਜੇ ਆਦਿ ਵਸਤਾਂ ਗੁਰਦੁਆਰੇ ਜਾਂ ਕਿਸੇ ਨੂੰ ਵੀ ਦਾਨ ਦੇਣੀਆਂ ਬ੍ਰਾਹਮਣੀ ਮੱਤ ਹੈ। ਗੁਰਦੁਆਰਾ ਪ੍ਰਬੰਧਕ ਵੀਰ ਅਜਿਹੀਆਂ ਵਸਤਾਂ ਲੈਣ ਤੋਂ ਕਰੜਾਈ ਨਾਲ ਮਨ੍ਹਾਂ ਕਰ ਦੇਣ ਤੇ ਇਸ ਸਬੰਧੀ ਪਰਿਵਾਰ ਨੂੰ ਪਹਿਲਾਂ ਹੀ ਜਾਣਕਾਰੀ ਦੇ ਦੇਣ। ਗੁਰਦੁਆਰਾ ਸਾਹਿਬ ਨੂੰ ਲੋੜ ਅਨੁਸਾਰ ਫਸਲ ਜਾਂ ਮਾਇਆ ਦੇਣ ਵਿੱਚ ਮਨਾਹੀ ਨਹੀਂ ਪਰ ਇਹ ਸਪਸ਼ਟ ਕਰਨਾ ਬਹੁਤ ਜਰੂਰੀ ਹੈ ਕਿ ਅਕਾਲ ਚਲਾਣਾ ਕਰ ਗਏ ਵਿਅਕਤੀ ਨੂੰ ਇਹਨਾਂ ਵਸਤਾਂ ਦਾ ਕੋਈ ਲਾਭ ਨਹੀਂ ਹੋਵੇਗਾ।
2. ਅਰਦਾਸੀਏ ਜਾਂ ਗ੍ਰੰਥੀ ਸਿੰਘਾਂ ਵੱਲੋਂ ਅਗਿਆਨਤਾ ਵੱਸ ਜਾਂ ਘਰ ਵਾਲਿਆਂ ਦੀ ਵੱਧ ਤੋਂ ਵੱਧ ਖੁਸ਼ੀ ਨੂੰ ਹਾਂਸਲ ਕਰਨ ਲਈ ਅਰਦਾਸ ਵਿਚ ਇਹ ਕਹਿਣਾ ਕਿ 'ਕੀਤੇ' ਗਏ ਪਾਠ, ਕੀਰਤਨ ਜਾਂ ਦਿੱਤੀਆਂ ਵਸਤਾਂ ਦਾ ਮਹਾਤਮ ਵਿਛੜੀ ਆਤਮਾ ਨੂੰ ਪ੍ਰਾਪਤ ਹੋਵੇ' ਇੱਕ ਬਹੁਤੀ ਵੱਡੀ ਭੁੱਲ ਤੇ ਮਨਮਤ ਹੈ। ਅਰਦਾਸ ਵਿਚ ਕੇਵਲ ਵਿਛੜੀ ਆਤਮਾ ਨੂੰ ਵਾਹਿਗੁਰੂ ਦੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਾਉਣ ਲਈ ਹੀ ਹੋਣੀ ਚਾਹੀਦੀ ਹੈ। ਇਹ ਗੱਲ ਚੰਗੀ ਤਰਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਾਣੀ ਦੇ ਮਰਨ ਤੋਂ ਬਾਅਦ ਗੁਰਬਾਣੀ ਦੇ ਪਾਠ/ਕੀਰਤਨ-ਕਥਾ ਕਰਨ ਦਾ ਸਬੰਧ ਸਿਰਫ ਘਰ ਵਾਲਿਆਂ, ਸਬੰਧੀਆਂ ਅਤੇ ਮਿੱਤਰਾਂ ਨਾਲ ਹੈ ਤਾਂ ਜੋ ਉਹ ਵਿਛੋੜੇ ਦੀ ਅਸਹਿ ਸੱਟ ਨੂੰ ਸਹਾਰ ਸਕਣ ਤੇ ਭਾਣੇ ਵਿਚ ਜਿਊਣ ਦਾ ਬਲ ਪ੍ਰਾਪਤ ਕਰ ਸਕਣ। ਇਹਨਾਂ ਕਾਰਜਾਂ ਦਾ ਮ੍ਰਿਤਕ ਪ੍ਰਾਣੀ ਨੂੰ ਗੁਰਮਤਿ ਅਨੁਸਾਰ ਕੋਈ ਲਾਭ ਨਹੀਂ।
3. ਮ੍ਰਿਤਕ ਦੇ ਭੋਗ ਸਮੇਂ ਭਾਵੇਂ ਕੋਈ ਅਮੀਰ ਜਾਂ ਗਰੀਬ ਹੋਵੇ ਉਸਦੀ ਤਸਵੀਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖਣੀ ਮਨਮਤ ਹੈ।
4. ਭੋਗ ਸਮੇਂ ਜਾਂ ਇਸ਼ਤਿਹਾਰਾਂ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਇਹ ਪਾਉੜੀ ਜਰੂਰ ਪੜ੍ਹੀ ਪੜ੍ਹਾਈ ਜਾਂਦੀ ਹੈ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥
(ਭਾਈ ਗੁਰਦਾਸ ਜੀ, ਵਾਰ ੧੪ ਪਉੜੀ ੧੯)

ਉਪਰੋਕਤ ਪਉੜੀ ਦੇ ਭਾਵ-ਅਰਥਾਂ ਦੀ ਦੁਰਵਰਤੋਂ ਆਮ ਮਨਮਤੀ ਮਨੁੱਖਾਂ ਲਈ ਕੀਤੀ ਜਾ ਰਹੀ ਹੈ ਜੋ ਗੁਰਬਾਣੀ ਦੀ ਭਾਵਨਾ ਦੇ ਉਲਟ ਹੈ।

ਸ਼ਰਧਾਂਜਲੀ

ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀ ਦੇਣ ਦੀ ਇਕ ਗਲਤ ਰੀਤ ਸਿੱਖ ਸਮਾਜ ਵਿਚ ਚੱਲ ਪਈ ਹੈ। ਗੁਰੂ ਦੀ ਹਜੂਰੀ ਵਿਚ ਗੁਰਮਤਿ ਵਿਚਾਰਾਂ ਕਰਨੀਆਂ, ਜਿੰਦਗੀ ਤੇ ਮੌਤ ਦਾ ਫਲਸਫਾ ਸੰਗਤ ਨੂੰ ਦਰਸਾਉਣਾ ਚੰਗੀ ਗੱਲ ਹੈ ਪਰ ਸ਼ਰਧਾਂਜਲੀਆਂ ਦੇ ਨਾਂ ਤੇ ਬੋਲਿਆ ਜਾਂਦਾ ਝੂਠ ਗੁਰੂ ਹਜ਼ੂਰੀ ਦੀ ਨਿਰਾਦਰੀ ਹੈ। ਸਮਾਜ ਦੀ ਦੇਖਾ-ਦੇਖੀ ਘਰ ਦੇ ਮੈਂਬਰਾਂ ਦੀ ਦਿਲੀ ਇਛਾ ਹੁੰਦੀ ਹੈ ਕਿ ਸਮਾਜ ਵਿਚ ਕੋਈ ਆਗੂ ਜਾਂ ਚੰਗਾ ਬੁਲਾਰਾ ਜੋ ਉਹਨਾਂ ਦੀਆਂ ਸਿਫਤਾਂ ਕਰ ਸਕੇ ਜਰੂਰ ਬੁਲਾਇਆ ਜਾਵੇ। ਕੀਰਤਨ ਕਥਾ ਤੇ ਗੁਰਮਤਿ ਵਿਚਾਰਾਂ ਤੋਂ ਇਲਾਵਾ ਸ਼ਰਧਾਂਜਲੀਆਂ ਭੇਟ ਕਰਨੀਆਂ ਨਿਰੀ ਮਨਮਤ ਹੈ ਤੇ ਇਹ ਕੋਝਾ ਰਿਵਾਜ ਬਿਲਕੁਲ ਬੰਦ ਕਰਨਾ ਤੇ ਕਰਵਾਉਣਾ ਚਾਹੀਦਾ ਹੈ।

ਭੋਗ ਤੋਂ ਬਾਅਦ ਕੀ ਕਰੀਏ?

1. ਪਰਿਵਾਰ ਦੇ ਮੈਂਬਰਾਂ ਨੂੰ ਭਾਣਾ ਮੰਨਣ ਅਤੇ ਅਗਲੇਰਾ ਜੀਵਨ ਸੁਚੱਜਾ ਚਲਾਉਣ ਲਈ ਹੌਂਸਲਾ ਤੇ ਮੱਦਦ ਦੇਈਏ।
2. ਜੇ ਕਿਸੇ ਦਾ ਪਤੀ ਜਾਂ ਪਤਨੀ ਘੱਟ ਉਮਰ ਵਿੱਚ ਅਕਾਲ ਚਲਾਣਾ ਕਰ ਗਿਆ ਹੈ ਤਾਂ ਪਰਿਵਾਰ ਦੇ ਸਕੇ-ਸਬੰਧੀ ਵਿਚਾਰ ਕੇ ਉਸਦਾ ਪੁਨਰ-ਵਿਆਹ ਵੀ ਕਰ ਸਕਦੇ ਹਨ।
3. ਮੌਤ ਦੀ ਰਜਿਸਟਰੇਸ਼ਨ ਕਰਵਾ ਕੇ ਸਰਟੀਫਿਕੇਟ ਲੈਣਾ ਬਹੁਤ ਜਰੂਰੀ ਹੈ।
4. ਜੇ ਮ੍ਰਿਤਕ ਦਾ ਜੀਵਨ ਬੀਮਾ ਕਰਵਾਇਆ ਗਿਆ ਹੋਵੇ ਤਾਂ ਸਬੰਧਿਤ ਕੰਪਨੀ ਨੂੰ ਕਾਗਜਾਤ ਜਮਾਂ ਕਰਵਾ ਦੇਣੇ ਚਾਹੀਦੇ ਹਨ।
5. ਜੇ ਮੌਤ ਦੁਰਘਟਨਾ ਨਾਲ ਹੋਈ ਹੋਵੇ ਤਾਂ ਦੁਰਘਟਨਾ ਬੀਮਾ ਦਾ ਕਲੇਮ ਲਿਆ ਜਾ ਸਕਦਾ ਹੈ।

ਕੀ ਨਾਂ ਕਰੀਏ?

1. ਭੋਗ ਤੋਂ ਬਾਅਦ ਕੋਈ ਸਤਾਰਵਾਂ, ਵਰ੍ਹੀਣਾ ਜਾਂ ਸਰਾਧ ਕਰਨਾ ਮਨਮਤ ਹੈ।
2. ਕੁੱਝ ਭੁੱਲੜ ਸਰਾਧਾਂ ਦੇ ਵਹਿਮ ਵਿਚ ਫਸ ਕੇ ਸਰਾਧਾਂ ਦੇ ਦਿਨਾਂ ਵਿਚ ਗੁਰਦੁਆਰਿਆਂ ਵਿਚ ਪ੍ਰਾਣੀ ਦੇ ਨਮਿਤ ਫਰੂਟ, ਕੜਾਹ, ਚੌਲ ਆਦਿ ਲੈ ਜਾਂਦੇ ਹਨ ਜੋ ਮਨਮਤ ਹੈ ਤੇ ਗੁਰਦੁਆਰਾ ਪ੍ਰਬੰਧਕ ਇਸਨੂੰ ਸਖਤੀ ਨਾਲ ਰੋਕਣ।
3. ਕੋਈ ਵੀ ਸਿੱਖ ਕਿਸੇ ਦੇ ਘਰ ਮ੍ਰਿਤਕ ਪ੍ਰਾਣੀ ਨਮਿਤ ਲੰਗਰ (ਸ਼ਰਾਧ) ਛਕਣ ਨਾਂ ਜਾਵੇ ਇਹ ਮਨਮਤ ਹੈ।

ਵਰ੍ਹੀਣਾ

ਗਰੁੜ ਪੁਰਾਣ ਦੀ ਵਿਚਾਰਧਾਰਾ ਨੂੰ ਗੁਰੂ ਸਾਹਿਬ ਨੇ ਉੱਕਾ ਹੀ ਪ੍ਰਵਾਨ ਨਹੀਂ ਕੀਤਾ। ਗਰੁੜ ਪੁਰਾਣ ਵਿੱਚ ਮਰਨ ਤੋਂ ਬਾਅਦ ਪ੍ਰਾਣੀ ਵਾਸਤੇ 88000 ਯੋਜਨ ਇੱਕ ਬੜਾ ਲੰਮਾ ਬਿਖੜਾ ਰਸਤਾ ਦੱਸਿਆ ਗਿਆ ਹੈ ਜਿਸ ਨੂੰ ਪੂਰਾ ਕਰਨ ਵਾਸਤੇ ੩੬੦ ਦਿਨ ਲੱਗਦੇ ਹਨ। ਰਸਤੇ ਵਿੱਚ ਜਮਾਂ ਦੀਆਂ ਮਾਰਾਂ, ਭੁੱਖਾਂ, ਤੇਹਾਂ, ਘੁੱਪ ਹਨੇਰੇ, ਧੁੱਪਾਂ, ਬਾਰਸ਼ਾਂ ਸਹਿਣੀਆਂ ਪੈਂਦੀਆਂ ਹਨ ਜਿਥੇ ਬਾਅਦ ਵਿੱਚ ਦਿੱਤੇ ਹੋਏ ਦੀਵੇ, ਭੁੱਖ ਵਾਸਤੇ ਪਿੰਡ ਪਤਲ, ਛਤਰੀ, ਅੰਨ, ਭਾਂਡੇ, ਬਿਸਤਰਿਆਂ ਦੀ ਲੋੜ ਦੱਸੀ ਗਈ ਹੈ। ਅੰਤ 550 ਮੀਲ ਚੌੜੀ ਇਕ ਵਿਸ਼ਟਾ, ਪਾਪ, ਲਹੂ, ਗੰਦਗੀ ਦੀ ਭਰੀ ਹੋਈ ਨਦੀ ਪ੍ਰਾਣੀ ਨੂੰ ਤਰਨੀ ਪੈਂਦੀ ਹੈ। ਜੇਕਰ ਬ੍ਰਾਹਮਣ ਨੂੰ ਗਊ ਦਾਨ ਕੀਤੀ ਹੈ ਤਾਂ ਉਸਦੀ ਪੂੰਛ ਪਕੜ ਕੇ ਪ੍ਰਾਣੀ ਤਰ ਜਾਂਦੇ ਹਨ। ਦੂਜੇ ਉਸ ਵਿੱਚ ਹੀ ਡੁਬਕੀਆਂ ਖਾਂਦੇ ਰਹਿੰਦੇ ਹਨ। ਅੰਤ ਇਤਨੇ ਬਿਖੜੇ ਹਾਲਾਤਾਂ ਵਿੱਚੋਂ ਨਿਕਲ ਕੇ, ਅੱਗੇ ਪਿੱਤਰ ਲੋਕ ਆਉਂਦਾ ਹੈ। ਜਿੱਥੇ ਪਹਿਲਾਂ ਗੁਜਰ ਚੁੱਕੇ ਵੱਡੇ-ਵਡੇਰੇ (ਪਿਤਰ) ਆਪਣੇ ਸਬੰਧੀ ਨੂੰ ਲੈਣ ਆਉਂਦੇ ਹਨ। ਜੇਕਰ ਇਹ 360 ਦਿਨਾਂ ਤੋਂ ਪਹਿਲਾਂ ਪਹਿਲਾਂ ਅਥਵਾ ਗਿਆਰਵੇਂ ਮਹੀਨੇ, ਵਰ੍ਹੀਣਾ ਨਹੀਂ ਕੀਤਾ ਜਾਂਦਾ ਤਾਂ ਉਡੀਕਣ ਵਾਲੇ ਪਿਤਰ ਨਿਰਾਸ਼ ਹੋ ਕੇ ਪਿਤਰ ਲੋਕ ਦੇ ਦਰਵਾਜ਼ੇ ਬੰਦ ਕਰ ਦੇਂਦੇ ਹਨ ਅਤੇ ਪ੍ਰਾਣੀ ਆਪਣੇ ਪਿਛਲੇ ਸਬੰਧੀਆਂ ਤੇ ਆਪਣਾ ਗੁੱਸਾ ਕੱਢਦਾ ਹੈ। ਭੂਤ-ਪ੍ਰੇਤ ਬਣ ਕੇ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਦੁੱਖ ਦਿੰਦਾ ਹੈ।

ਸਰਾਧ

"ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਿਰਾਧ ਕਰਾਹੀ" ਵਾਲੇ ਸ਼ਬਦ ਰਾਹੀਂ ਕਬੀਰ ਸਾਹਿਬ ਨੇ ਅਗਿਆਨਤਾ ਵਿਚ ਫਸੇ ਲੋਕਾਂ ਨੂੰ ਇਥੋਂ ਤੀਕ ਸੁਆਲ ਕੀਤਾ ਹੈ ਕਿ ਹੇ ਭੁੱਲੇ ਹੋਏ ਲੋਕੋ! ਤੁਸੀਂ ਆਖਦੇ ਹੋ ਕਿ ਸ਼ਰਾਧ ਕਰਾਉਣ ਨਾਲ ਘਰ ਵਿੱਚ ਕੁਸ਼ਲਤਾ ਰਹਿੰਦੀ ਹੈ। ਜਿਹੜੇ ਲੋਕ ਇਹਨਾਂ ਸ਼ਰਾਧਾਂ ਦੇ ਭਰਮ ਜਾਲ ਵਿੱਚ ਫਸੇ ਹੋਏ ਹਨ ਸੋਚਣ ਕਿ ਸ਼ਰਾਧ ਕਰਾਉਣ ਤੋਂ ਬਾਅਦ ਕੀ ਉਹਨਾਂ ਦੇ ਘਰਾਂ ਵਿੱਚ ਅੱਗੋਂ ਲੋਕ ਮਰਨੇ ਬੰਦ ਹੋ ਜਾਂਦੇ ਹਨ ਜਾਂ ਬਾਕੀ ਦੁਖ ਹਾਦਸੇ ਟਲ ਜਾਂਦੇ ਹਨ? ਜੇ ਨਹੀਂ ਤਾਂ ਫਿਰ ਕਿਸ ਕੁਸ਼ਲਤਾ ਵਿੱਚ ਤੁਸੀਂ ਇਹਨਾਂ ਸ਼ਰਾਧਾਂ ਦੇ ਵਹਿਮਾਂ ਵਿੱਚ ਫਸੇ ਹੋਏ ਹੋ?

ਅਨਦੋ ਅਨਦੁ ਘਣਾ...

Listening Gurbani	ਗੁਰਬਾਣੀ ਸੁਣੀਏ
Reading Gurbani	ਗੁਰਬਾਣੀ ਪੜ੍ਹੀਏ
Singing Gurbani	ਗੁਰਬਾਣੀ ਗਾਈਏ
Understanding Gurbani	ਗੁਰਬਾਣੀ ਸਮਝੀਏ
Following Gurbani	ਗੁਰਬਾਣੀ ਮਹਿਸੂਸ ਕਰੀਏ
Enjoying Gurbani	ਗੁਰਬਾਣੀ ਦਾ ਆਨੰਦ ਮਾਣੀਏ
Being Gurbani	ਗੁਰਬਾਣੀ ਅਨੁਸਾਰ ਬਣੀਏ

ਬਿਨਾਂ ਸਹਿਜ ਪਾਠ ਦੇ ਜੀਵਨ ਵਿੱਚ ਸਹਿਜ ਨਹੀਂ
ਭਾਈ ਰੇ, ਗੁਰ ਬਿਨੁ ਸਹਜੁ ਨ ਹੋਇ॥
ਸਬਦੈ ਹੀ ਤੇ ਸਹਜੁ ਉਪਜੈ,
ਹਰਿ ਪਾਇਆ ਸਚੁ ਸੋਇ॥ (ਪੰਨਾ ੬੮)

ਆਓ ਗੁਰੂ ਪਿਆਰਿਓ, ਸਾਰੇ ਗੁਰ ਚਰਨੀਂ ਲੱਗੀਏ। ਹਰ ਰੋਜ਼, ਆਪੋ ਆਪਣਾ ਸਹਿਜ ਪਾਠ ਕਰੀਏ। ਗੁਰੂ ਸਾਹਿਬ ਦੇ ਸਰੂਪ ਤੋਂ, ਸੈਂਚੀਆਂ ਤੋਂ (ਦੋ ਭਾਗ), ਸ਼ਬਦਾਰਥ ਤੋਂ (ਚਾਰ ਭਾਗ) ਜਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਤੋਂ (ਦਸ ਭਾਗ-ਪ੍ਰੋ ਸਾਹਿਬ ਸਿੰਘ ਕ੍ਰਿਤ), ਜਿਥੋਂ ਮਰਜ਼ੀ ਕੁਝ ਅੰਕ ਜ਼ਰੂਰ ਸਮਝ ਕੇ, ਵਿਚਾਰ ਕੇ, ਸਹਿਜ ਨਾਲ ਸਹਿਜ ਪਾਠ ਕਰੀਏ।

ਕੀ ਤੁਹਾਨੂੰ ਪਤਾ ਹੈ?

ਜਦੋਂ ਕਿਸੇ ਤੇਜ਼ ਰਫਤਾਰ ਵਾਹਨ ਕਾਰਨ ਤੁਹਾਨੂੰ ਜਾਂ ਤੁਹਾਡੇ ਕਿਸੇ ਨਜ਼ਦੀਕੀ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਵਾਹਨ ਦੀ ਤਸਦੀਕ ਨਹੀਂ ਹੁੰਦੀ ਉਸ ਸੂਰਤ ਵਿਚ ਨੈਸ਼ਨਲ ਸੋਲੀਸਮ ਸਕੀਮ 1989 U/S 161 Motor Vehicle Act 1988 ਤਹਿਤ ਮੌਤ ਹੋਣ ਉਪਰੰਤ 25000/- ਅਤੇ ਸਖਤ ਚੋਟ ਉਪਰੰਤ 12500/- ਸਰਕਾਰ ਵੱਲੋਂ ਮੁਆਵਜ਼ਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਜਿਲ੍ਹੇ ਦੇ ਟਰੈਫਿਕ ਸਿੱਖਿਆ ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸ਼ੁਭ ਕਰਮਨ ਸੁਸਾਇਟੀ

ਉਦੇਸ਼

1. ਸਮਾਜ ਵਿੱਚ ਨੈਤਿਕ, ਆਤਮਿਕ, ਵਿਦਿਅਕ, ਸੱਭਿਆਚਾਰ ਅਤੇ ਆਰਥਿਕ ਤਰੱਕੀ ਲਈ ਯਤਨ।
2. ਕੁਦਰਤੀ ਸਰੋਤਾਂ ਜਿਵੇਂ ਹਵਾ, ਪਾਣੀ ਤੇ ਧਰਤੀ ਦੀ ਸਹੀ ਸੰਭਾਲ ਤੇ ਵਰਤੋਂ ਪ੍ਰਤੀ ਜਾਗਰੂਕਤਾ ਪੈਦਾ ਕਰਨੀ।
3. ਨਸ਼ਿਆਂ, ਏਡਜ਼ ਅਤੇ ਹੋਰ ਸਮਾਜਿਕ ਬੁਰਾਈਆਂ ਵਿਰੁੱਧ ਮੁਹਿੰਮ।
4. ਆਪਣੇ ਅਮੀਰ ਵਿਰਸੇ ਅਤੇ ਸਿਹਤਮੰਦ ਸੰਸਾਰ ਪ੍ਰਤੀ ਚੇਤਨਤਾ ਪੈਦਾ ਕਰਨੀ।
5. ਝੁੱਗੀ,ਝੌਂਪੜੀ ਵਸੇਬਾ ਬੱਚਿਆਂ ਦੀ ਸਿਹਤ ਤੇ ਸਿੱਖਿਆ ਲਈ ਵਿਸ਼ੇਸ਼ ਉਪਰਾਲੇ।
6. ਰੋਜ਼ਗਾਰ ਦੇ ਸਾਧਨ ਪੈਦਾ ਕਰਨੇ ਅਤੇ ਨੌਜਵਾਨਾਂ ਤੇ ਵਿਦਿਆਰਥੀਆਂ ਲਈ ਸਵੈ-ਰੁਜ਼ਗਾਰ ਸਿਖਲਾਈ ਦੇ ਪ੍ਰਬੰਧ ਕਰਨੇ।

ਅਹਿਮ ਪ੍ਰਾਪਤੀਆਂ

1. ਜੁਲਾਈ 2005 ਤੋਂ ਮਾਰਚ 2011 ਤੱਕ ਭਾਰਤ ਸਰਕਾਰ ਅਤੇ ਮਨਿਸਟਰੀ ਆਫ ਸੋਸ਼ਲ ਜਸਟਿਸ ਤੇ ਐਮਪਾਵਰਮੈਂਟ ਵਿਭਾਗ ਅਤੇ ਅੰਤਰਰਾਸ਼ਟਰੀ ਸਿਹਤ ਸੰਸਥਾ ਦੇ ਮਾਪਦੰਡਾਂ 'ਤੇ ਜੀਵਨ ਆਸ ਨਸ਼ਾ ਛਡਾਊ ਕੇਂਦਰ।
2. ਐਮ.ਐਸ. ਸਵਾਮੀਨਾਥਨ ਰੀਸਰਚ ਫਾਊਂਡੇਸ਼ਨ ਚੇਨਈ ਦੇ ਬਾਇਓ ਇੰਡਸਟਰੀਅਲ ਮਾਈਕਰੋਵਾਟਰਸ਼ੈਡ ਪ੍ਰੋਜੈਕਟ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਨਾਲ ਸਹਿਯੋਗੀ ਸੰਸਥਾ ਦੇ ਤੌਰ ਤੇ ਅਪ੍ਰੈਲ 2008 ਤੋਂ ਮਾਰਚ 2012 ਤੱਕ ਤਿੰਨ ਪਿੰਡ ਅਪਣਾ ਕੇ ਸਰਬ-ਪੱਖੀ ਵਿਕਾਸ ਲਈ ਕਾਰਜ।
3. ਵਲੰਟਰੀ ਹੈਲਥ ਐਸੋਸੀਏਸ਼ਨ ਨਵੀਂ ਦਿੱਲੀ ਅਤੇ ਸਿਹਤ ਵਿਭਾਗ ਦੇ ਨਾਲ ਸਾਂਝੇ ਤੌਰ ਤੇ ਟੀ.ਬੀ. ਦੀ ਬਿਮਾਰੀ ਪ੍ਰਤੀ ਰੋਕਥਾਮ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਲਗਭਗ 129 ਪਿੰਡਾਂ, ਸਕੂਲਾਂ/ਕਾਲਜਾਂ ਵਿਚ ਅਪ੍ਰੈਲ 2011ਤੋਂ ਜਾਗਰੂਕਤਾ ਮੀਟਿੰਗਾਂ।
4. ਲਾਇਬ੍ਰੇਰੀਆਂ ਖੋਲ੍ਹਣ ਦੀ ਮੁਹਿੰਮ ਅਤੇ ਪੁਸਤਕ ਪ੍ਰਦਰਸ਼ਨੀਆਂ।
5. ਧਰਮ, ਸਿਹਤ, ਵਿੱਦਿਆ, ਵਾਤਾਵਰਨ ਅਤੇ ਕੁਦਰਤੀ ਖੇਤੀ ਪ੍ਰਤੀ ਅਨੇਕਾਂ ਜਾਗਰੂਕਤਾ ਕੈਂਪ ਅਤੇ ਲਿਟਰੇਚਰ ਛਪਾਈ।

ਅਪੀਲ

ਸਮੁੱਚੇ ਸੇਵਾ ਕਾਰਜਾਂ ਨੂੰ ਦਇਆਵਾਨ ਰੂਹਾਂ ਦੇ ਸਹਿਯੋਗ ਨਾਲ ਹੀ ਨਿਭਾਇਆ ਜਾਂਦਾ ਹੈ। ਸੰਸਥਾ ਹਰ ਸਾਲ ਬੇਅੰਤ ਖਰਚ ਕਰਕੇ ਲੋੜਵੰਦਾਂ ਲਈ ਸਹਾਰਾ ਮੰਚ ਵਜੋਂ ਕਾਰਜਸ਼ੀਲ ਹੈ।

ਆਓ! ਦਾਤੇ ਦੀਆਂ ਦਾਤਾਂ ਭਰੀ ਗਾਗਰ ਦੀ ਇਕ ਬੂੰਦ ਨੂੰ ਸਦਾ ਲੋੜਵੰਦ ਸਹਾਇਤਾ ਸਾਗਰ 'ਚ ਸਮਾਉਂਦਿਆਂ ਤੱਕੀਏ ਤੇ ਤਰਸ ਦੇ ਘਰ ਦੇ ਅਨੰਦਮਈ ਨਜ਼ਾਰੇ ਨੂੰ ਮਾਣੀਏ। ਆਪ ਜੀ ਮਹੀਨਾਵਾਰ/ਸਲਾਨਾ ਮਾਇਆ ਜਾਂ ਚੀਜ਼ ਵਸਤ ਭੇਟ ਕਰਕੇ ਵਡਮੁੱਲਾ ਸਹਿਯੋਗ ਦੇ ਸਕਦੇ ਹੋ।

ਬੈਂਕ ਖਾਤਾ (Bank Account No.):- 31201010000840 Axis Bank/55098408202 State Bank of Patiala.